# ਮਹੀਂਵਾਲ

ਸੁਰਜੀਤ ਸਿੰਘ ਸੇਠੀ

G-839

SIKH PUBLISHING HOUSE
54 McLeod Road Lahore

ਲਾਹੌਰ
ਕਾਸਮੋਪਾਲੀਟਨ ਪਬਲੀਕੇਸ਼ਨਜ਼
੪, ਮੁਜ਼ੰਗ ਰੋਡ

ਸਾਰੇ ਹਕ ਕਰਤਾ ਦੇ ਰਾਖਵੇਂ

ਤ.ਰ
ਸੇ ੪੨ ਮ
32387

ਮਾਰਚ ੪੬

੨)

ਪ੍ਰਿੰਟਰ : ਰਾਮਸਹਨ ਦਾਸ, ਮਦਨਮੋਹਨ ਪ੍ਰਿੰਟਿੰਗ ਪ੍ਰੈਸ, ਗਨਪਤ ਰੋਡ, ਲਾਹੌਰ.
ਪ੍ਰਕਾਸ਼ਕ : ਜੋਧ ਸਿੰਘ ਸੇਠੀ, ਮਾਲਕ ਗੁ: ਹਿ: ਗਾਈਡ ਅੰਮ੍ਰਿਤਸਰ.

ਵੀਰ ਜੀ

ਨੂੰ

## ਕਹਾਣੀ ਸੂਚੀ


| | |
|---|---|
| ਅਪੱਸਰਾਂ | ੯ |
| ਮਹੀਂਵਾਲ | ੧੯ |
| ਮੈਨੂੰ ਯਾਦ ਹੈ | ੨੭ |
| ਉਹ ਕੁੜੀ | ੪੩ |
| ਨਸੀਬੋ | ੪੯ |
| ਨਰਗਸ | ੫੭ |
| ਸਾਡਾ ਘਰ | ੬੫ |
| ਬੰਬਈ ਵਿਚ | ੭੩ |
| ਨਾਸਤਕ | ੧੧੯ |
| ਚੋਰੀ | ੧੨੭ |
| ਬਿੱਲੀ | ੧੩੩ |


"ਨਾ...ਨਾ...ਕਲੀ ਨੂੰ ਨਾ ਤੋੜੀਂ, ਇਸ ਦੀ ਮੌਤ ਮੇਰੇ ਨਾਵਲ ਨੂੰ ਦੁਖਾਂਤ ਬਣਾ ਦਏਗੀ" ਜਗਤ ਪ੍ਰਸਿਧ ਲਿਖਾਰੀ ਰਾਬਿੰਦਰਾ ਨਾਥ ਟੈਗੋਰ ਨੇ ਮਾਲੀ ਨੂੰ ਕਿਹਾ, ਜਿਸ ਵੇਲੇ ਉਹ ਆਪਣੇ ਬਗੀਚੇ ਵਿਚ ਬੈਠੇ ਹੋਏ ਕੁਝ ਲਿਖ ਰਹੇ ਸਨ। ਲਿਖਾਰੀ ਦੀਆਂ ਅੱਖੀਂ ਵੇਖੀਆਂ ਛੋਟੀਆਂ ਛੋਟੀਆਂ ਘਟਨਾਵਾਂ ਉਸ ਦੀ ਲਿਖਤ, ਉਸ ਦੀ ਕਹਾਣੀ, ਉਸ ਦੀ ਕਲਪਣਾ ਵਿਚ ਆਪਣਾ ਰੰਗ ਪੈਦਾ ਕਰ ਦੇਂਦੀਆਂ ਹਨ ਤੇ ਲੇਖਕ ਇਨ੍ਹਾਂ ਦੇ ਆਸਰੇ ਹੀ ਆਪਣੀ ਕਹਾਣੀ ਦੀ ਬਨਾਵਟ (technique) ਅਸਲੀਅਤ (reality) ਤੇ ਮਵਾਦ ਕਾਇਮ ਰੱਖ ਸਕਦਾ ਹੈ। ਰੋਜ਼ਾਨਾ ਜ਼ਿੰਦਗੀ ਦੇ ਤਜਰਬਿਆਂ ਦਾ ਰੰਗ ਹੀ ਤੁਸੀਂ ਮੇਰੀਆਂ ਇਨ੍ਹਾਂ ਕਹਾਣੀਆਂ ਵਿਚ ਵੇਖੋਗੇ। ਬਹੁਤੀਆਂ ਕਹਾਣੀਆਂ ਦੁਖਾਂਤ ਹੀ ਹਨ ਸ਼ਾਇਦ ਇਸੇ ਲਈ ਕਿਉਂਕਿ ਮੇਰੀ ਆਪਣੀ ਜ਼ਿੰਦਗੀ ਵੀ ਕੁਝ ਇਹੋ ਜਹੀ ਹੈ। ਮੇਰੀ ਉਮਰ ਥੋੜ੍ਹੀ ਹੀ ਹੈ ਪਰ ਮੇਰੀ ਜ਼ਿੰਦਗੀ ਦਾ ਬਹੁਤਾ ਹਿੱਸਾ ਐਸੇ ਆਲੇ ਦੁਆਲੇ (atmosphere) ਵਿਚ ਲੰਘਿਆ ਹੈ ਕਿ ਮੈਂ ਨਾ ਜਾਣਦਾ ਹੋਇਆ ਵੀ ਬਹੁਤ ਕੁਝ ਜਾਣ ਗਿਆ ਹਾਂ ਤੇ ਮੇਰੀ ਕਿਆਸ ਸ਼ਕਤੀ ਨੇ ਉਨ੍ਹਾਂ ਆਉਣ ਵਾਲੀਆਂ ਘਟਨਾਵਾਂ ਤੇ ਉਨ੍ਹਾਂ ਗੱਲਾਂ ਬਾਰੇ ਜੋ ਮੇਰੀ ਉਮਰ ਦੇ ਨੌਜਵਾਨ ਨੂੰ ਨਹੀਂ ਪਤਾ ਹੁੰਦੀਆਂ, ਮੈਨੂੰ ਬਹੁਤ ਕੁਝ

ਸਮਝਾ ਦਿੱਤਾ ਹੈ।

ਬਹਾਰ ਦੀਆਂ ਰੰਗੀਨੀਆਂ ਵਿਚ ਦੁਖਾਂਤ ਪਲਾਟ ਘੜਨਾ ਏਨਾ ਹੀ ਮੁਸ਼ਕਲ ਹੈ ਜਿੰਨਾ ਕਿ ਕਿਸੇ ਉਜੜੇ ਹੋਏ ਬਾਗ ਵਿਚ ਬਹਿ ਕੇ ਬਹਾਰ ਦੇ ਗੀਤ ਗਾਉਣੇ ਪਰ ਮੈਂ ਖੁਸ਼ੀ ਵਿਚ ਵੀ ਗ਼ਮੀ ਵੇਖਦਾ ਹਾਂ—ਕੁਝ ਐਸਾ ਗਮੀ ਨਾਲ ਪਿਆਰ ਹੋ ਗਿਆ ਹੈ ਮੈਨੂੰ। ਮੈਂ ਬਹਾਰ ਵਿਚ ਵੀ ਲਿਖਦਾ ਹਾਂ :

ਬੁਲਬੁਲ ਕਾ ਦਿਲ ਦੁਖਾਤੇ ਹੈਂ ਸਾਮਾਂ ਬਹਾਰ ਕੇ

ਇਹ ਬਹਾਰ ਮੈਨੂੰ ਬਿਲਕੁਲ ਨਹੀਂ ਭਾਉਂਦੀ, ਇਸ ਵਿਚ ਖਿਜ਼ਾਂ ਦੀ ਡਰਾਉਣੀ ਸ਼ਕਲ ਦਿਸ ਰਹੀ ਹੈ ਮੈਨੂੰ।

ਮੈਂ ਕਿਸੇ ਖਿਡਾਉਣੇ ਨਾਲ ਖੇਡਣਾ ਸ਼ੁਰੂ ਕਰਦਾ ਹਾਂ ਤਾਂ ਉਹ ਵੀ ਮੇਰੇ ਹੱਥੋਂ ਟੁਟ ਹੀ ਜਾਂਦਾ ਹੈ, ਇਸ ਲਈ ਮੇਰੀ ਜ਼ਿੰਦਗੀ ਵਿਚ ਖੇੜਾ ਆ ਹੀ ਕਿਵੇਂ ਸਕਦਾ ਹੈ ਤੇ ਮੇਰੀ ਲਿਖਤ ਵਿਚ ਸੁਖਾਤ ਅੰਗ ਕਿਵੇਂ ਦਿਸ ਸਕਦਾ ਹੈ ?

'ਅਪੱਸਰਾਂ' ਇਕ ਸੁਫਨਾ ਹੈ। ਬੰਗਾਲੀ ਸਾਹਿਤ ਵਿਚ ਤੁਸੀਂ ਬਹੁਤ ਸਾਰੀਆਂ ਕਹਾਣੀਆਂ ਵੇਖੋਗੇ ਜਿਨ੍ਹਾਂ ਦਾ ਪਲਾਟ ਘੜਨ ਵਿਚ ਲੇਖਕ ਨੇ ਕੇਵਲ ਕਲਪਣਾ (imagination) ਤੋਂ ਹੀ ਕੰਮ ਲਿਆ ਹੁੰਦਾ ਹੈ। 'ਅਪੱਸਰਾਂ' ਵੀ ਇਸੇ ਕਿਸਮ ਦੀ ਕਹਾਣੀ ਹੈ। ਆਰਟ ਦੇ ਲਿਹਾਜ਼ ਨਾਲ ਇਹੋ ਜਹੀ ਕਹਾਣੀ ਦਾ ਦਰਜਾ ਬਹੁਤ ਉੱਚਾ ਹੁੰਦਾ ਹੈ ਭਾਵੇਂ ਇਹੋ ਜਹੀ ਕਹਾਣੀ ਜਜ਼ਬਾਤੀ (Sentimental) ਜਹੀ ਬਣ ਜਾਂਦੀ ਹੈ।

ਦੂਜੀ ਕਹਾਣੀ 'ਮਹੀਂਵਾਲ' ਦੇ ਨਾਂ ਤੇ ਹੀ ਮੈਂ ਪੁਸਤਕ ਦਾ ਨਾਂ ਮਹੀਂਵਾਲ ਰੱਖਿਆ ਹੈ। ਇਸ ਵਿਚ ਮੈਂ ਨਾ-ਮਿਲਵਰਤਨ ਲਹਿਰ ਦਾ ਇਕ ਚਿਤਰ ਪੇਸ਼ ਕੀਤਾ ਹੈ। ਇਕ ਪੇਂਡੂ ਨੌਜਵਾਨ ਜਿਸ ਨੂੰ ਇਸ਼ਕ ਹੁਸਨ ਤੋਂ ਬਿਨਾਂ ਕੁਝ ਪਤਾ ਹੀ ਨਹੀਂ ਸੀ, ਆਪਣੇ ਆਪ ਨੂੰ ਆਜ਼ਾਦੀ ਦੀ ਰਾਹ ਤੇ ਸਭ ਤੋਂ ਅਗੇ ਵੇਖਣ ਦਾ ਚਾਹਵਾਨ ਬਣ ਜਾਂਦਾ ਹੈ। ਮੇਰਾ ਖਿਆਲ ਹੈ ਇਹ ਕਹਾਣੀ ਨੌਜਵਾਨਾਂ ਨੂੰ ਜ਼ਰੂਰ ਟੁੰਬੇਗੀ ਤੇ ਉਨ੍ਹਾਂ ਦੇ ਦਿਲ ਵਿਚ ਆਪਣੇ ਦੇਸ਼ ਦੀ ਆਜ਼ਾਦੀ ਲਈ ਜੋਸ਼ ਭਰੇਗੀ।

ਤੀਜੀ ਕਹਾਣੀ "ਮੈਨੂੰ ਯਾਦ ਹੈ" ਵਿਚ ਮੇਰੇ ਹੀ ਬਚਪਨ ਦੀਆਂ ਕੁਝ ਘਟਨਾਵਾਂ ਹਨ ਜੋ ਮੈਨੂੰ ਜ਼ਿੰਦਗੀ ਭਰ ਨਹੀਂ ਭੁਲ ਸਕਦੀਆਂ।

'ਉਹ ਕੁੜੀ' ਵਿਚੋਂ ਤੁਹਾਨੂੰ ਬੰਬਈ ਸੀ. ਆਈ. ਡੀ. ਦੀ ਚਤੁਰਾਈ ਦਾ



ਇਕ ਨਮੂਨਾ ਮਿਲੇਗਾ। ਬੰਬਈ ਵਿਚ ਇਸੇ ਤਰ੍ਹਾਂ ਸੀ. ਆਈ. ਡੀ. ਵਾਲਿਆਂ ਨੇ ਕੁੜੀਆਂ ਰੱਖੀਆਂ ਹੋਈਆਂ ਹਨ, ਜਿਨ੍ਹਾਂ ਦਾ ਕੰਮ ਕੇਵਲ ਇਨਕਲਾਬੀਆਂ (Revolutionaries) ਨੂੰ ਗ੍ਰਿਫ਼ਤਾਰ ਕਰਨਾ ਹੈ। ਇਹ ਕੁੜੀਆਂ ਆਪਣੇ ਕੰਮ ਵਿਚ ਬੜੀਆਂ ਹੁਸ਼ਿਆਰ ਹਨ। ਬੰਬਈ ਦੇ ਨੌਜਵਾਨਾਂ ਨੂੰ ਇਨ੍ਹਾਂ ਕੋਲੋਂ ਬਚਣਾ ਚਾਹੀਦਾ ਹੈ।

'ਨਸੀਬੋ' ਉਸ ਪੇਂਡੂ ਕੁੜੀ ਦੀ ਕਹਾਣੀ ਹੈ ਜਿਸ ਨੇ ਆਪਣੇ ਪਤੀ ਨੂੰ ਪਹਿਲੀ ਹੀ ਰਾਤ ਖਤਮ ਕਰ ਦਿਤਾ ਕਿਉਂਕਿ ਉਹ ਸੋਹਣੂ ਨੂੰ ਚਾਹੁੰਦੀ ਸੀ। ਕਈ ਪਾਠਕਾਂ ਨੂੰ ਇਹ ਕਹਾਣੀ ਕੁਝ ਅਨਹੋਣੀ ਜਹੀ ਦਿਸੇਗੀ ਪਰ ਦੂਜੀ ਵਾਰ ਪੜ੍ਹਨ ਤੇ ਉਨ੍ਹਾਂ ਦਾ ਇਹ ਸ਼ੱਕ ਦੂਰ ਹੋ ਜਾਏਗਾ। ਇਸ ਕਹਾਣੀ ਦਾ ਪਲਾਟ ਮਨੋ-ਕਲਪਤ ਨਹੀਂ ਸਗੋਂ ਇਕ ਸਚਾਈ ਹੈ। ਇਸੇ ਤਰ੍ਹਾਂ 'ਨਰਗਸ' ਬੰਬਈ ਦੀ ਇਕ ਅਵਾਰਾ ਲੜਕੀ ਦੀ ਕਹਾਣੀ ਹੈ, ਜਿਸਦੀ ਲਾਸ਼ ਮੈਂ ਆਪਣੀ ਅੱਖੀਂ ਤਾਜ ਹੋਟਲ ਬੰਬਈ ਵਿਚ ਵੇਖੀ।

'ਸਾਡਾ ਘਰ' ਕੇਵਲ ਉਨ੍ਹਾਂ ਪਾਠਕਾਂ ਨੂੰ ਚੰਗੀ ਲਗੇਗੀ ਜਿਨ੍ਹਾਂ ਦੀ ਦਿਮਾਗ਼ੀ ਪ੍ਰਵਰਸ਼ ਪੱਛਮੀ ਸਾਹਿਤ ਪੜ੍ਹ ਕੇ ਹੋਈ ਹੋਈ ਹੈ। ਪੰਜਾਬੀ ਸਾਹਿਤ ਵਿਚ ਅਜੇ ਇਸ ਕਿਸਮ ਦੀਆਂ ਕਹਾਣੀਆਂ ਲਿਖਣ ਦਾ ਰਿਵਾਜ ਨਹੀਂ ਚਲਿਆ ਪਰ ਜਿਵੇਂ ਅਸੀਂ ਵੇਖ ਰਹੇ ਹਾਂ ਕਿ ਪੰਜਾਬੀ ਸਾਹਿਤ ਬੜੀ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ, ਉਮੀਦ ਹੈ ਕਿ ਬਹੁਤ ਛੇਤੀ ਸਾਡੇ ਕਹਾਣੀ ਲੇਖਕ ਇਸ ਕਿਸਮ ਦੀਆਂ ਕਹਾਣੀਆਂ ਲਿਖਣ ਵੱਲ ਧਿਆਨ ਦੇਣਗੇ। ਮੇਰਾ ਇਹ ਕਹਿਣ ਤੋਂ ਇਹ ਭਾਵ ਨਹੀਂ ਕਿ ਤੁਸੀਂ ਆਪਣੀ ਪੁਰਾਣੀ ਕਲਾ ਨੂੰ ਛੱਡ ਕੇ ਪੱਛਮੀ ਆਰਟ ਨੂੰ ਅਪਣਾਉ ਪਰ ਦੂਜੇ ਸਾਹਿਤੇ ਵਿਚੋਂ ਕੋਈ ਚੰਗੀ ਚੀਜ਼ ਆਪਣੇ ਸਾਹਿਤ ਵਿਚ ਲੈ ਆਉਣ ਵਿਚ ਕੋਈ ਬੁਰਾਈ ਨਹੀਂ। ਪੱਛਮੀ ਕਲਾਕਾਰਾਂ ਨੇ ਪੁਰਾਤਨ ਹਿੰਦੁਸਤਾਨੀ ਸਾਹਿਤ ਵਿਚੋਂ ਹਜ਼ਾਰਾਂ ਚੰਗੀਆਂ ਚੀਜ਼ਾਂ ਲਿਜਾ ਕੇ ਆਪਣੇ ਸਾਹਿਤ ਵਿਚ ਵਾਧਾ ਕੀਤਾ ਹੈ।

'ਬੰਬਈ ਵਿਚ' ਵਿਚ ਬੰਬਈ ਦੇ ਜੀਵਨ ਬਾਰੇ ਪਾਠਕਾਂ ਨੂੰ ਕਾਫ਼ੀ ਵਾਕਫ਼ੀਅਤ ਮਿਲੇਗੀ। ਅਸੀਂ ਇਸ ਕਹਾਣੀ ਨੂੰ "ਸ਼ਾਇਰ ਦੀ ਡਾਇਰੀ" ਆਖ ਲਈਏ ਤਾਂ ਕੋਈ ਹਰਜ ਨਹੀਂ। ਸਚ-ਮੁਚ ਇਹ ਇਕ ਡਾਇਰੀ ਹੈ। ਮੇਰਾ ਖਿਆਲ ਹੈ ਪਾਠਕ ਇਸ ਵਿਚ ਦਿਲਚਸਪੀ ਜ਼ਰੂਰ ਵੇਖਣਗੇ।

'ਨਾਸਤਕ' ਲਿਖਣ ਵੇਲੇ ਮੇਰੇ ਦਿਲ ਵਿਚ ਇਹੋ ਖਿਆਲ ਸੀ ਕਿ ਮੈਂ ਸਾਬਤ ਕਰਾਂ ਕਿ ਰੱਬ ਹੈ। ਮੈਂ ਬਹੁਤ ਦਲੀਲਾਂ ਦੇ ਕੇ ਇਹ ਸਾਬਤ ਕੀਤਾ ਹੈ। ਦੁਨੀਆਂ ਦਾ ਹਰ ਆਦਮੀ, ਕੰਜਰੀ ਤਕ ਉਸ ਦੀ ਪੂਜਾ ਕਰਦੀ ਹੈ, ਪਰ ਮੇਰਾ ਮੁਖ ਪਾਤਰ ਗਿਆਨ ਸਿੰਘ ਮੇਰੀਆਂ ਦਲੀਲਾਂ ਵਿਚ ਕੋਈ ਸਚਾਈ ਨਹੀਂ ਸਮਝਦਾ। ਉਹ ਦਲੀਲਾਂ ਸੁਣ ਕੇ ਸਗੋਂ ਆਸਤਕ ਤੋਂ ਵੀ ਨਾਸਤਕ ਬਣ ਜਾਂਦਾ ਹੈ। ਇਸ ਕਹਾਣੀ ਦਾ ਪਲਾਟ ਬੜਾ Confusing ਹੈ...ਘਟੋ ਘਟ ਦੋ ਵਾਰ ਪੜ੍ਹਨੀ ਪਏਗੀ ਤੁਹਾਨੂੰ ਇਹ ਕਹਾਣੀ।

'ਚੋਰੀ' ਵਿਚ ਮੈਂ ਉਸ ਗ਼ਰੀਬ ਦਾ ਸੁਨਹਿਰੀ ਸੁਪਨਾ ਦਸਿਆ ਹੈ ਜਿਸ ਦੇ ਝਟ ਹੀ ਪਿਛੋਂ ਉਸ ਦੀ ਗ਼ਰੀਬੀ ਦਾ ਮਨਜ਼ਰ ਉਸ ਦੇ ਸਾਮ੍ਹਣੇ ਆ ਜਾਂਦਾ ਹੈ ਤੇ... ਇਸ ਤੋਂ ਛੁਟਕਾਰਾ ਪਾਣ ਲਈ ਉਹ ਭਗਵਾਨ ਦੀ ਚੋਰੀ ਕਰਦਾ ਹੈ ਤੇ ਫਿਰ 'ਬਿੱਲੀ' ਵਿਚ ਬੰਬਈ ਦੇ ਇਕ ਘਰਾਣੇ ਬਾਰੇ ਕੁਝ ਦਸਿਆ ਹੈ। ਸ਼ਾਇਦ ਇਹ ਕਹਾਣੀ ਤੁਹਾਨੂੰ ਸਾਰੀਆਂ ਕਹਾਣੀਆਂ ਨਾਲੋਂ ਦਿਲਚਸਪ ਲੱਗੇ।

ਇਹ ਮੇਰੀ ਤੀਜੀ ਪੁਸਤਕ ਤੁਹਾਡੇ ਹੱਥਾਂ ਵਿਚ ਹੈ। ਇਸ ਤੋਂ ਪਹਿਲਾਂ ਇਕ ਕਹਾਣੀਆਂ ਦਾ ਸੰਗ੍ਰਹਿ ਤੇ ਇਕ ਨਾਵਲ ਪਾਠਕਾਂ ਅਗੇ ਪੇਸ਼ ਕਰ ਚੁਕਿਆ ਹਾਂ ਤੇ ਪਾਠਕਾਂ ਨੇ ਪਸੰਦ ਕਰ ਕੇ ਮੇਰਾ ਕਾਫ਼ੀ ਹੌਂਸਲਾ ਵਧਾਇਆ ਹੈ।

——ਆਸ ਹੈ ਇਨ੍ਹਾਂ ਕਹਾਣੀਆਂ ਨੂੰ ਵੀ ਤੁਸੀਂ ਪਸੰਦ ਕਰੋਗੇ।

੪, ਮੁਜ਼ੰਗ ਰੋਡ
ਲਾਹੌਰ.

ਨਿਘੇ ਪਿਆਰ ਸਹਿਤ,
ਸੁਰਜੀਤ ਸਿੰਘ ਸੇਠੀ

# ਅਪੱਸਰਾਂ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.